6

# ਯੋਨਾਥਾਨ

## ਬਾਜ਼ੀਗਰੀ ਵਾਲੀਆਂ ਵਫ਼ਾਦਾਰੀਆਂ

ਸਿਸਲੀ ਦੇ ਐਲਡਰ ਸਿਪੀਓ ਨੂੰ ਕਿਸੇ ਨੇ ਪੁੱਛਿਆ ਕਿ ਉਹ ਕਿਸ ਦੇ ਭਰੋਸੇ ਤੇ ਕਾਰਥੇਜ ਦੇ ਖ਼ਿਲਾਫ਼ ਆਪਣੀ ਸਮੁੰਦਰੀ ਫ਼ੌਜ ਨੂੰ ਭੇਜਣ ਦੀ ਸੋਚਦਾ ਹੈ। ਉਸ ਨੇ ਉਸ ਨੂੰ ਕੰਢੇ ਤੇ ਟਾਵਰ ਵੱਲ ਮੂੰਹ ਕੀਤੇ ਹਥਿਆਰਾਂ ਨਾਲ ਲੈਸ ਤਿੰਨ ਸੌ ਅਨੁਸ਼ਾਸਿਤ ਬੰਦਿਆਂ ਨੂੰ ਵਿਖਾਉਂਦੇ ਹੋਏ ਕਿਹਾ, ''ਇਨ੍ਹਾਂ ਵਿੱਚੋਂ ਇਕ ਵੀ ਅਜਿਹਾ ਨਹੀਂ ਜਿਹੜਾ ਮੇਰਾ ਹੁਕਮ ਮਿਲਣ ਤੇ ਉਸ ਟਾਵਰ ਤੇ ਜਾ ਕੇ ਆਪਣੇ ਆਪ ਨੂੰ ਸਿਰ ਪਰਨੇ ਨਾ ਡੇਗ ਦੇਵੇ।'' ਸਿਪੀਓ ਗਿਆ, ਜਹਾਜ਼ ਤੋਂ ਉੱਤਰਿਆ ਅਤੇ ਉਸ ਨੇ ਦੁਸ਼ਮਣ ਦੀ ਛਾਉਣੀ ਨੂੰ ਅੱਗ ਲਾ ਦਿੱਤੀ। ਕਾਰਥੇਰਜਿਨੀਆਂ ਨੇ ਆਪਣੇ ਜਹਾਜ਼ ਉਨ੍ਹਾਂ ਦੇ ਸਪੁਰਦ ਕਰਨ ਅਤੇ ਹਥਿਆਰਾਂ ਤੋਂ ਇਲਾਵਾ ਦੌਲਤ ਦੇਣ ਦੀ ਵੀ ਪੇਸ਼ਕਸ਼ ਕੀਤੀ।

ਆਪਣੇ ਫ਼ੌਜੀਆਂ ਦੀ *ਵਫ਼ਾਦਾਰੀ* ਨੇ ਹੀ ਉਸ ਨੂੰ ਜਿਤਾਇਆ ਸੀ। ਇਸ ਕਹਾਣੀ ਵਿਚ ਇਕ ਤੱਥ ਹੈ, ਜਿਹੜਾ ਯੋਨਾਥਾਨ ਦੀ ਜ਼ਿੰਦਗੀ ਨਾਲ ਬਹੁਤ ਮੇਲ ਖਾਂਦਾ ਹੈ ਉਹ ਵਫ਼ਾਦਾਰੀ ਹੈ। 1 ਸਮੂਏਲ ਦੀ ਕਿਤਾਬ ਵਾਲਾ ਇਹ ਆਦਮੀ ਇਕ ਬੇਮਿਸਾਲ ਸ਼ਖ਼ਸੀਅਤ ਦਾ ਮਾਲਕ ਹੈ। ਉਹ ਸ਼ਾਊਲ ਦਾ ਸਭ ਤੋਂ ਵੱਡਾ ਪੁੱਤਰ ਭਾਵ ਇਕ ਰਾਜਕੁਮਾਰ ਸੀ। ਯੋਨਾਥਾਨ ਚੰਗੇ ਗੁਣਾਂ ਨਾਲ ਭਰਪੂਰ ਭਾਵ ਨਿਡਰ ਸਿਪਾਹੀ, ਆਪਣੇ ਫ਼ੌਜੀਆਂ ਤੋਂ ਬੇਝਿਜਕ ਸਨਮਾਨ ਪਾਉਣ ਵਾਲਾ ਜਰਨੈਲ, ਮਨੁੱਖੀ ਪਿਆਰ ਦੇ ਸਰਵੋਤਮ ਗੁਣਾਂ ਨੂੰ ਵਿਖਾਉਣ, ਸੱਚਾ ਯਾਰ ਅਤੇ ਖ਼ੁਦਾ ਵਿਚ ਅਥਾਹ ਵਿਸ਼ਵਾਸ ਰੱਖਣ ਵਾਲਾ ਇਕ ਵਿਸ਼ਵਾਸੀ ਹੈ। ਯੋਨਾਥਾਨ ਸੱਚ ਬੋਲਣ ਵਾਲਾ, ਪਾਕ ਸਾਫ਼ ਜ਼ਿੰਦਗੀ ਜੀਣ ਵਾਲਾ, ਅਤੇ ਉਨ੍ਹਾਂ ਸਭ ਬੁਰਾਈਆਂ ਨੂੰ ਜਿਨ੍ਹਾਂ ਨੂੰ ਉਹ ਵੇਖਦਾ ਸੀ, ਸੁਧਾਰਨ ਦੀ ਕੋਸ਼ਿਸ਼ ਕਰਨ ਵਾਲਾ ਸੀ। ਉਸ ਦੀ ਪ੍ਰਭਾਵੀ ਸ਼ਖ਼ਸੀਅਤ ਆਪਣੇ ਪਿਤਾ ਦੇ ਨਾਟਕੀ ਰੂਪ ਤੋਂ ਫ਼ਰਕ ਹੈ।

### ਉਸ ਦੀ ਵਫ਼ਾਦਾਰੀ

ਯੋਨਾਥਾਨ ਖ਼ੁਦਾ ਦਿਆਂ ਹੁਕਮਾਂ ਤੋਂ ਜਿਹੜੇ ਵਫ਼ਾਦਾਰ ਰਹਿਣ ਨੂੰ ਮਜਬੂਰ ਕਰਦੇ ਹਨ, ਤੋਂ ਚੰਗੀ ਤਰ੍ਹਾਂ ਵਾਕਫ਼ ਸੀ (ਕੂਚ 22:28; ਗਿਣਤੀ 27:20; ਵਿਵਸਥਾਸਾਰ 7:9; ਕਹਾਉਤਾਂ 24:21; ਆਦਿ)। ਇਸ ਗੱਲ ਵਿਚ ਉਹ ਖ਼ੁਦਾ ਦੀ ਇੱਛਾ ਪੂਰੀ ਕਰਨ ਵਿਚ ਸੁਚੇਤ ਸੀ। ਤਿੰਨ ਖੇਤਰਾਂ ਤੇ ਧਿਆਨ ਦਿਓ, ਜਿਨ੍ਹਾਂ ਵਿਚ ਉਸ ਦੀ ਵਫ਼ਾਦਾਰੀ ਦੀ ਗੱਲ ਕੀਤੀ ਗਈ ਹੈ।

**ਖ਼ੁਦਾ ਨਾਲ ਵਫ਼ਾਦਾਰੀ** (14:45)

ਯੋਨਾਥਾਨ ਦੇ ਵਿਖੇ ਪਹਿਲੇ ਹਵਾਲੇ ਵਿਚ ਅਸੀਂ ਉਸ ਨੂੰ ਖ਼ੁਦਾ ਬਾਰੇ ਜਾਣਨ ਵਾਲੇ ਰੂਪ ਵਿਚ ਅਤੇ ਉਸ ਵਿਚ ਭਰੋਸਾ ਰੱਖਣ ਵਾਲੇ ਆਦਮੀ ਦੇ ਰੂਪ ਵਿਚ ਜਾਣਦੇ ਹਾਂ। 1 ਸਮੂਏਲ 14:6 ਕਹਿੰਦਾ ਹੈ, ''ਤਦ ਯੋਨਾਥਾਨ ਨੇ ਉਸ ਜੁਆਨ ਨੂੰ ਜੋ ਉਸ ਦੇ ਸ਼ਸਤ੍ਰ ਚੁੱਕਦਾ ਸੀ ਆਖਿਆ, ਚੱਲ

ਅਸੀਂ ਉੱਥੇ ਉਨ੍ਹਾਂ ਅਸੁੰਨਤੀਆਂ ਦੀ ਚੌਂਕੀ ਵੱਲ ਚੱਲੀਏ; ਕੀ ਜਾਣੀਏ ਜੋ ਯਹੋਵਾਹ ਸਾਡੇ ਲਈ ਕੰਮ ਸੁਆਰੇ ਕਿਉਂ ਜੋ ਯਹੋਵਾਹ ਅੱਗੇ ਕੁਝ ਔਖ ਨਹੀਂ ਜੋ ਬਹੁਤਿਆਂ ਨਾਲ ਛੁਟਕਾਰਾ ਕਰੇ ਯਾ ਥੋੜ੍ਹਿਆਂ ਨਾਲ।'' ਖ਼ੁਦਾ ਵਿਚ ਯੋਨਾਥਾਨ ਦਾ ਪੱਕਾ ਭਰੋਸਾ ਸੀ (14:12)।

ਖ਼ੁਦਾ ਨਾਲ ਉਸ ਦੀ ਵਫ਼ਾਦਾਰੀ 1 ਸਮੂਏਲ ਵਿਚ ਕਈ ਥਾਂ ਵਿਖਾਈ ਗਈ ਹੈ। ਦਾਊਦ ਦੇ ਗਾਥੀ ਦਿਓ ਦਾ ਕਤਲ ਕਰਦੇ ਸਮੇਂ ਦਾਊਦ ਅਤੇ ਸ਼ਾਊਲ ਵੱਲੋਂ ਵੇਖ ਲੈਣ ਤੇ ਯੋਨਾਥਾਨ ਨੂੰ ਉਸ ਵਿਚ ਖ਼ੁਦਾ ਦੀ ਸ਼ਕਤੀ ਵਿਖਾਈ ਦਿੱਤੀ ਸੀ (19:5)। ਸ਼ਾਊਲ ਦੇ ਸਾੜੇ ਕਾਰਣ ਯੋਨਾਥਾਨ ਅਤੇ ਦਾਊਦ ਨੂੰ ਵੱਖ ਕਰਨ ਵੇਲੇ ਉਸ ਨੇ ਆਪਣੀ ਉਦਾਸੀ ਵਿਚ ਇਹ ਜਾਣਦਿਆਂ ਕਿ ਖ਼ੁਦਾ ਉਨ੍ਹਾਂ ਦੇ ਨਾਲ ਹੈ, ਚੈਨ ਪਾਇਆ ਸੀ (20:42)। ਆਖ਼ਰੀ ਵਾਰ ਦੋਹਾਂ ਦੇ ਮਿਲਣ ਵੇਲੇ ਖ਼ੁਦਾ ਵਿਚ ਯੋਨਾਥਾਨ ਦੇ ਵਿਸ਼ਵਾਸ ਦੇ ਨਾਲ ਹੀ (23:16) ਦਾਊਦ ਨੂੰ ਤਾਕਤ ਮਿਲੀ ਸੀ।

ਇਹ ਤੱਥ ਯੋਨਾਥਾਨ ਨੂੰ ਇਕ ਇਮਾਨਦਾਰ ਦੇ ਤੌਰ ਤੇ ਪੇਸ਼ ਕਰਦੇ ਹਨ। ਉਹ ਸੰਸਾਰਕ ਝਗੜੇ, ਕਲੇਸ਼ ਅਤੇ ਨਿਰਾਸ਼ਾ ਤੇ ਖ਼ੁਦਾ ਦੇ ਕਾਰਣ ਹੀ ਜਿੱਤ ਪਾ ਸਕਿਆ! ਯੋਨਾਥਾਨ ਨੂੰ ਖ਼ੁਦਾ ਦੇ ਉਦੇਸ਼ ਅਤੇ ਯੋਜਨਾਵਾਂ ਵਿਚ ਇਕ ਹਥਿਆਰ ਦੇ ਰੂਪ ਵਿਚ ਵਰਤੇ ਜਾਣ ਦੀ ਆਸ ਸੀ। ਯੋਨਾਥਾਨ ਨੂੰ ਆਪਣੇ ਆਪ ਤੇ ਘੱਟ ਪਰ ਖ਼ੁਦਾ ਉੱਪਰ ਜ਼ਬਰਦਸਤ ਭਰੋਸਾ ਸੀ। ਯੋਨਾਥਾਨ ਇਸ ਲਈ ਕਾਮਯਾਬ ਹੋਇਆ ਕਿਉਂਕਿ ਉਸ ਨੇ ਖ਼ੁਦਾ ਤੋਂ ਤਾਕਤ ਮੰਗੀ ਸੀ (ਤੁਲਨਾ ਮਰਕੁਸ 11:24)।

ਯੋਨਾਥਾਨ ਦੀ ਖ਼ੁਦਾ ਪ੍ਰਤੀ ਵਫ਼ਾਦਾਰੀ ਦੇ ਸਬੰਧ ਵਿਚ, ਇਸ ਤੋਂ ਵੱਧ ਕੋਈ ਹੋਰ ਟਿੱਪਣੀ ਨਹੀਂ ਹੋ ਸਕਦੀ ਕਿ ''ਉਸ ਨੇ ਖ਼ੁਦਾ ਨਾਲ ਹੋ ਕੇ ਕੰਮ ਕੀਤਾ ਹੈ'' (14:45)।

**ਦੋਸਤ ਦੇ ਰੂਪ 'ਚ ਵਫ਼ਾਦਾਰੀ** (18:1)

ਦਾਊਦ ਅਤੇ ਯੋਨਾਥਾਨ ਦੋਹਾਂ ਦੀ ਦੋਸਤੀ ਪੱਕੀ ਸੀ ਅਤੇ ਉਹ ਇਹਦੇ ਲਈ ਸਮਰਪਿਤ ਸਨ (18:3, 4)। ਦੋਸਤੀ ਦਾ ਇਹ ਅਹਿਦ ਉਨ੍ਹਾਂ ਵੱਲੋਂ ਇਕ ਦੂਜੇ ਨੂੰ ਆਪਣੇ ਕਪੜੇ ਦੇਣ ਨਾਲ ਬੰਨ੍ਹਿਆ ਗਿਆ ਸੀ। ਇਸ ਤੋਂ ਇਕ ਦੂਜੇ ਨਾਲ ਇਕ ਹੋਣ ਦਾ ਪਤਾ ਲਗਦਾ ਹੈ। ਜੇ ਕੋਈ ਯੋਨਾਥਾਨ ਨਾਲ ਲੜਦਾ ਤਾਂ ਉਹ ਅਸਲ ਵਿਚ ਦਾਊਦ ਨਾਲ ਲੜ ਰਿਹਾ ਹੁੰਦਾ; ਇਸੇ ਤਰ੍ਹਾਂ ਜੇ ਕੋਈ ਦਾਊਦ ਨਾਲ ਲੜਦਾ ਤਾਂ ਉਹ ਅਸਲ ਵਿਚ ਯੋਨਾਥਾਨ ਨਾਲ ਲੜ ਰਿਹਾ ਹੁੰਦਾ ਸੀ। ਦੋਹਾਂ ਦੋਸਤਾਂ ਵਿਚ ਇਹ ਨੇਮ ਸ਼ਾਇਦ ਸਭ ਤੋਂ ਵੱਡਾ ਰਿਸ਼ਤਾ ਸੀ।

ਯੋਨਾਥਾਨ ਨੂੰ ਪਤਾ ਸੀ ਕਿ ਉਹ ਕਦੀ ਬਾਦਸ਼ਾਹ ਨਹੀਂ ਬਣ ਸਕੇਗਾ (23:17) ਪਰ ਉਹਦੇ ਮਨ ਵਿਚ ਦਾਊਦ ਲਈ ਜ਼ਰਾ ਵੀ ਈਰਖਾ ਨਹੀਂ ਸੀ। ਦਾਊਦ ਨਾਲ ਉਸ ਦੀ ਵਫ਼ਾਦਾਰੀ ਨੇ ਹਮੇਸ਼ਾ ਆਪਦੇ ਦੋਸਤ ਦਾ ਭਲਾ ਹੀ ਚਾਹਿਆ। ਇੰਜ ਯੋਨਾਥਾਨ ਸਾਨੂੰ ਵਿਖਾਉਂਦਾ ਹੈ ਕਿ ਸੱਚੀ ਦੋਸਤੀ ਕੁਰਬਾਨੀ ਨਾਲ ਭਰੀ ਹੁੰਦੀ ਹੈ।

ਯੋਨਾਥਾਨ ਦੀ ਦੋਸਤੀ ਵਿਚ ਸੱਚੀ ਦੋਸਤੀ ਦੇ ਇਹ ਤੱਤ ਸਨ: ''ਆਨੰਦ'' (19:1, ''ਸਮਰਪਣ''; NEB); ਇਮਾਨਦਾਰੀ (20:9); ਲਗਾਅ (20:42; 2 ਸਮੂਏਲ 1:26); ਦਲੇਰੀ ਅਤੇ ਹਿੰਮਤ ਦੇਣਾ (23:16)।

ਜ਼ਬੂਰ 133 ਪੜ੍ਹਦਿਆਂ ਤੁਸੀਂ ਯੋਨਾਥਾਨ ਅਤੇ ਦਾਊਦ ਦੀ ਦੋਸਤੀ ਦੀ ਖ਼ੂਬਸੂਰਤੀ ਨੂੰ ਯਾਦ ਕਰਦੇ ਹੋ। ਦੋਸਤੀ ਦਾ ਇਹ ਰਿਸ਼ਤਾ ਇਸ ਇਤਿਹਾਸਕ ਵੇਰਵੇ ਨਾਲ ਸਮਝਾਇਆ ਜਾ ਸਕਦਾ ਹੈ। ਮੈਟਨਿਆ ਦੀ ਜੰਗ ਵਿਚ, ਉਨ੍ਹਾਂ ਨੇ ਆਪਣੇ ਕਵਚ ਆਪੋ ਵਿਚ ਬੰਨ੍ਹ ਕੇ ਜੰਗ ਲੜੀ ਸੀ, ਜਿਸ ਨਾਲ ਉਹ ਪਿਲੋਪਿਦਾਸ ਦੇ ਕਈ ਜ਼ਖ਼ਮਾਂ 'ਚੋਂ ਖ਼ੂਨ ਵਗਣ ਤਕ ਸਭ ਵੈਰੀਆਂ ਨੂੰ ਮਾਰਦੇ ਰਹੇ

ਇਪਾਮਿਨੋਦਸ ਨੇ ਆਪਣੇ ਦੋਸਤ ਜਿਸ ਨੂੰ ਉਹ ਮਰਿਆ ਹੋਇਆ ਸਮਝ ਰਿਹਾ ਸੀ, ਦੀ ਲਾਸ਼ ਨੂੰ ਉੱਥੇ ਛੱਡ ਜਾਣ ਨਾਲੋਂ ਬੇਹਤਰ ਆਖ਼ਰੀ ਦਮ ਤਕ ਲੜਦੇ ਰਹਿਣ ਦਾ ਫ਼ੈਸਲਾ ਲਿਆ ਸੀ। ਗੰਭੀਰ ਰੂਪ ਵਿਚ ਵੀ ਜ਼ਿੰਦਾ ਰਿਹਾ ਅਤੇ ਬਚਾਅ ਦਲ ਦੇ ਪਹੁੰਚਣ ਤਕ ਲੜਦਾ ਰਿਹਾ ਅਤੇ ਦੋਵੇਂ ਬਚ ਗਏ। ਉਸ ਦਿਨ ਤੋਂ ਉਨ੍ਹਾਂ ਦੀ ਦੋਸਤੀ ਮਿਸਾਲ ਬਣ ਗਈ। ਉਨ੍ਹਾਂ ਦੋਹਾਂ ਨੂੰ ਥੀਬੀਆ ਦੇ ਜਰਨੈਲ ਬਣਾ ਦਿੱਤਾ ਗਿਆ। ਇਕ ਹੀ ਅਹੁਦੇ ਤੇ ਇੱਕੋ ਹੀ ਅਧਿਕਾਰ ਨਾਲ, ਅਤੇ ਮਰਨ ਤਕ ਉਨ੍ਹਾਂ ਦੋਹਾਂ ਵਿਚਕਾਰਾਂ ਕੋਈ ਵੈਰ ਜਾਂ ਮਤਭੇਦ ਪੈਦਾ ਨਹੀਂ ਹੋਇਆ (ਤੁਲਨਾ ਕਹਾਉਤਾਂ 17:17; 18:24)।

**ਪੁੱਤਰ ਦੇ ਰੂਪ ਵਿਚ ਵਫ਼ਾਦਾਰੀ (2 ਸਮੂਏਲ 1:23)**

ਇਸੇ ਵਫ਼ਾਦਾਰੀ ਅੰਦਰ ਯੋਨਾਥਾਨ ਨੇ ਅਕਾਲਪਨਿਕ ਝਗੜੇ ਵੀ ਕੀਤੇ। ਉਹ ਜਾਣਦਾ ਸੀ ਕਿ ਖ਼ੁਦਾ ਨੇ ਦਾਊਦ ਨੂੰ ਅਗਲਾ ਬਾਦਸ਼ਾਹ ਹੋਣ ਲਈ ਨਿਯੁਕਤ ਕੀਤਾ ਹੈ। ਇਸ ਲਈ ਖ਼ੁਦਾ ਨਾਲ ਉਸ ਦੀ ਵਫ਼ਾਦਾਰੀ ਦੇ ਕਾਰਣ ਦਾਊਦ ਨੂੰ ਹਮਾਇਤ ਦੇਣਾ ਜ਼ਰੂਰੀ ਸੀ (23:17)। ਦਾਊਦ ਨਾਲ ਉਸ ਦੀ ਦੋਸਤੀ ਬਹੁਤੀ ਨਿਭੀ ਸ਼ਾਊਲ ਦੀਆਂ ਦੁਸ਼ਟ ਚਾਲਾਂ ਵਿਚ ਉਸ ਦਾ ਸਾਥ ਦੇਣ ਦੀ ਥਾਂ ਯੋਗ ਬਣੇ ਰਹਿਣ ਦੀ ਸੀ (20:2, 9; 23:17)। ਪਰ ਆਪਣੇ ਮਾਂ ਬਾਪ ਪ੍ਰਤੀ ਵਫ਼ਾਦਾਰੀ ਨੂੰ ਸ਼ਾਊਲ ਦਾ ਸਹਿਯੋਗ ਦੇਣ ਅਤੇ ਹਮਾਇਤ ਕਰਨ ਲਈ ਮਜਬੂਰ ਕਰਦੀਆਂ ਸਨ! ਉਸ ਦੇ ਜਵਾਨ ਮਨ ਨੇ ਹਿਸਾਬ ਲਾ ਕੇ ਉਸ ਨੂੰ ਇਨ੍ਹਾਂ ਉਲਝਣਾਂ ਤੇ ਫ਼ੈਸਲਾ ਲੈਣਾ ਸੀ। ਉਸ ਨੂੰ ''ਆਂਡੇ ਦੇ ਖੋਲਾਂ ਤੇ ਚੱਲਣਾ'' ਸੀ। ਜਾਂ, ਤੁਸੀਂ ਕਹਿ ਸਕਦੇ ਹੋ ਕਿ ਉਸ ਨੇ ਇਕ ਸ਼ਾਨਦਾਰ ''ਬਾਜ਼ੀਗਰ ਵਾਲਾ ਕੰਮ'' ਕਰਨਾ ਸੀ।

ਯੋਨਾਥਾਨ ਸ਼ਾਊਲ ਦੇ ਨਾਲ ਰਿਹਾ। ਉਹ ਆਪਣੇ ਪਿਤਾ ਪ੍ਰਤੀ ਸਮਰਪਿਤ ਤਾਂ ਹੀ ਸੀ, ਪਰ ਉਸ ਨੇ ਖ਼ੁਦਾ, ਦਾਊਦ ਪ੍ਰਤੀ ਆਪਣੀ ਵਫ਼ਾਦਾਰੀ ਵੀ ਨਹੀਂ ਤਿਆਗੀ ਸੀ (23:16, 17)। ਸ਼ਾਊਲ ਦੇ ਸ਼ੁਰੂਆਤੀ ਸਾਲਾਂ ਦੌਰਾਨ ਯੋਨਾਥਾਨ ਲਈ ਆਪਣੇ ਪਿਤਾ ਨਾਲ ਵਫ਼ਾਦਾਰੀ ਨਿਭਾਉਣਾ ਬਹੁਤ ਔਖਾ ਨਹੀਂ ਸੀ। ਯੋਨਾਥਾਨ ਜਾਣਦਾ ਸੀ ਕਿ ਸ਼ਾਊਲ ਖ਼ੁਦਾ ਨਾਲ ਜੁੜਿਆ ਹੋਇਆ ਹੈ। ਪਰ ਸ਼ਾਊਲ ਦੀ ਬਗ਼ਾਵਤ ਕਰ ਕੇ ਖ਼ੁਦਾ ਬਾਦਸ਼ਾਹ ਤੋਂ ਅੱਡ ਹੋ ਗਿਆ ਸੀ ਅਤੇ ਉਸ ਤੇ ਦੁਸ਼ਟ ਆਤਮੇ ਭਾਰੂ ਹੋ ਗਏ ਸਨ। ਸ਼ਾਊਲ ਦੇ ਪੁਕਾਰਨ ਦੇ ਵੇਲੇ ਯੋਨਾਥਾਨ ਆਪਣੇ ਪਿਤਾ ਦੇ ਨਾਲ ਸੀ। ਉਸ ਨੂੰ ਉਮੀਦ ਹੋਵੇਗੀ ਕਿ ਬੁਰਿਆਈ ਹਾਲੇ ਪਲਟ ਸਕਦੀ ਹੈ। ਆਪਣੀ ਪਸੰਦ ਦੇ ਕਾਰਣ ਯੋਨਾਥਾਨ ਨੂੰ ਔਖੀਆਂ ਅਜ਼ਮਾਇਸ਼ਾਂ ਵਿੱਚੋਂ ਦੀ ਲੰਘਣਾ ਪਿਆ ਹੋਵੇਗਾ, ਪਰ ਉਹ ਆਪਣੇ ਚੁਣੇ ਹੋਏ ਰਸਤੇ ਤੋਂ ਕਦੇ ਪਿਛਾਂਹ ਨਾ ਪਰਤਿਆ (20:30–33)।

ਗਿਲਬੋਆ ਪਹਾੜ ਤੇ ਜਾਣ ਵੇਲੇ ਯੋਨਾਥਾਨ ਸ਼ਾਊਲ ਦੇ ਨਾਲ ਸੀ। ਉਸੇ ਪਹਾੜ ਤੇ ਬਾਪ ਬੇਟਾ ਦੋਵੇਂ ਮਾਰੇ ਗਏ ਸਨ।

ਮਾਂ ਬਾਪ ਲਈ ਬੱਚਿਆਂ ਦੀ ਵਫ਼ਾਦਾਰੀ ਦਾ ਹੁਕਮ ਸਾਫ਼ ਤੌਰ ਤੇ ਖ਼ੁਦਾ ਵੱਲੋਂ ਹੀ ਹੈ (ਲੇਵੀਆਂ ਦੀ ਪੋਥੀ 20:9; ਕੂਚ 20:12; ਆਦਿ)। ਯੋਨਾਥਾਨ ਵਾਂਗ ਚੱਲਣ ਵਾਲੇ ਅਤੇ ਆਪਣੇ ਮਾਂ ਬਾਪ ਨਾਲ ਵਫ਼ਾਦਾਰ ਰਹਿਣ ਵਾਲੇ ਬੱਚੇ ਹੀ ਬਰਕਤਾਂ ਪਾਉਣਗੇ। ਇਹ ਸਾਫ਼ ਹੈ ਕਿ ਜਦ ਖ਼ੁਦਾ ਅਤੇ ਮਾਂ ਬਾਪ ਨਾਲ ਵਫ਼ਾਦਾਰ ਰਹਿਣ ਵਿੱਚੋਂ ਕਿਸੇ ਇਕ ਨੂੰ ਚੁਣਨਾ ਹੋਵੇ ਤਾਂ ਸਾਨੂੰ ਆਪਣੇ ਨਾਲੋਂ ਖ਼ੁਦਾ ਨੂੰ ਚੁਣਨਾ ਚਾਹੀਦਾ ਹੈ, ਭਾਵੇਂ ਉਸ ਵਾਸਤੇ ਕਿੰਨੀ ਵੀ ਤਕਲੀਫ਼ ਕਿਉਂ ਨਾ ਝੱਲਣੀ ਪਵੇ (ਮੱਤੀ 10:34–39)।

# ਵਫ਼ਾਦਾਰੀ ਦੇ ਸਬਕ

*ਖ਼ੁਦਾ ਨਾਲ ਵਫ਼ਾਦਾਰੀ ਬੇਸ਼ਕੀਮਤੀ ਹੈ।* ਖ਼ੁਦਾ ਨਾਲ ਵਫ਼ਾਦਾਰੀ ਸਾਡੇ ਦਿਲਾਂ ਅਤੇ ਸਾਡੀ ਜੀਵਨ ਸ਼ੈਲੀ ਵਿਚ ਹਰ ਕੀਮਤ ਤੇ ਹੋਣੀ ਚਾਹੀਦੀ ਹੈ। ਜਦ ਬਿਸ਼ਪ ਬੌਨਰ ਨੇ ਜੌਨ ਆਡਲੀ ਦੀ ਇਸ ਉਮੀਦ ਨਾਲ ਕਿ ਉਸ ਨੂੰ ਛੱਡ ਦਿੱਤਾ ਜਾਵੇਗਾ, ਕਿੱਲੇ ਨਾਲ ਬੰਨ੍ਹ ਕੇ ਸਾੜੇ ਜਾਣ ਦੀ ਪੀੜ ਬਾਰੇ ਦੱਸਿਆ ਸੀ, ਤਾਂ ਆਡਲੀ ਨੇ ਜਵਾਬ ਦਿੱਤਾ ਸੀ, ''ਮੈਨੂੰ ਮੇਰੇ ਸਿਰ ਦੇ ਵਾਲਾਂ ਜਿੰਨੀਆਂ ਜ਼ਿੰਦਗੀਆਂ ਵੀ ਮਿਲ ਜਾਣ ਤਾਂ ਵੀ ਮੈਂ ਮਸੀਹ ਨੂੰ ਛੱਡਣ ਤੋਂ ਪਹਿਲਾਂ ਉਨ੍ਹਾਂ ਸਭਨਾਂ ਨੂੰ ਅੱਗ ਵਿਚ ਗੁਆ ਦੇਣਾ ਬੇਹਤਰ ਸਮਝਾਂਗਾ'' (ਤੁਲਨਾ ਜ਼ਬੂਰ 18:1; 91:14; ਕੂਚ 22:28)। ਖ਼ੁਦਾ ਪ੍ਰਤੀ ਵਫ਼ਾਦਾਰੀ ਦੀ ਤਸਵੀਰ ਗ੍ਰਹਿ ਯੁੱਧ ਵਿਚ ਇਕ ਜਵਾਨ ਢੋਲੀ ਨੇ ਵਿਖਾਈ ਸੀ। ਉਸਨੇ ਠੰਢ ਦੇ ਸਮੇਂ ਦੀਆਂ ਔਕੜਾਂ, ਭਾਵ ਚੀਰਦੀ ਹੋਈ ਸਰਦ ਹਵਾ, ਭੁੱਖ ਅਤੇ ਉਸ ਨੰਗੇਪਣ ਬਾਰੇ ਲਿਖਿਆ ਹੈ, ਜਿਹੜਾ ਉਹਨੇ ਝੱਲਿਆ। ਅਖ਼ੀਰ ਉਸ ਨੇ ਇਨ੍ਹਾਂ ਸ਼ਬਦਾਂ ਨਾਲ ''ਪਰ ਮਾਂ, ਇਹ ਤਾਂ ਸਾਡਾ ਫ਼ਰਜ਼ ਹੈ; ਅਤੇ ਇਹਦੀ ਖ਼ਾਤਰ ਅਸੀਂ ਮਿਟ ਜਾਵਾਂਗੇ।'' ਖ਼ੁਦਾ ਨਾਲ ਸਾਡੇ ਸਬੰਧ ਵਿਚ ਅਜਿਹੀ ਹੀ ਵਫ਼ਾਦਾਰੀ ਵਿਖਾਈ ਦੇਣੀ ਚਾਹੀਦੀ ਹੈ।

*ਪਰਿਵਾਰ ਜਾਂ ਦੋਸਤਾਂ ਪ੍ਰਤੀ ਵਫ਼ਾਦਾਰੀ ਗਲਤੀ ਨੂੰ ਅਣਡਿੱਠ ਨਹੀਂ ਕਰਦੀ।* ਉਹ ਹਮੇਸ਼ਾ ਸਾਡਾ ਸਾਹਮਣਾ ਕਰਦੀ ਹੈ! ਯੋਨਾਥਾਨ ਸ਼ਾਊਲ ਨੂੰ ਪਿਆਰ ਕਰਦਾ ਸੀ ਪਰ ਉਹ ਉਸ ਪ੍ਰੇਮ ਨੂੰ ਸ਼ਾਂਤ ਨਹੀਂ ਰੱਖ ਸਕਿਆ। ਉਸਨੇ ਨਿਆਂ, ਧਾਰਮਿਕਤਾ, ਅਤੇ ਸੱਚਾਈ ਦੇ ਪੱਖ ਵਿਚ ਬੋਲਣਾ ਹੀ ਸੀ! (19:1–36; 20:30–33)। ਸਾਡੀ ਜ਼ਿੰਦਗੀ ਵਿਚ ਜਦ ਸਾਡੇ ਪਰਿਵਾਰ ਜਾਂ ਦੋਸਤ ਗਲਤੀ ਕਰਦੇ ਹਨ, ਅਤੇ ਉਨ੍ਹਾਂ ਨੂੰ ਸੁਧਾਰਨ ਦੀ ਲੋੜ ਹੁੰਦੀ ਹੈ ਤਾਂ ਸ਼ਾਂਤ ਰਹਿਣਾ ਅਸਾਨ ਹੁੰਦਾ ਹੈ! (ਪ੍ਰਕਾਸ਼ ਦੀ ਪੋਥੀ 27:6, 9, 17; ਗਲਾਤੀਆਂ 4:16)।

*ਵਫ਼ਾਦਾਰੀ ਕਿਸੇ ਸਮਰਪਿਤ ਦੋਸਤ ਦੇ ਮਰਨ ਤੇ ਪੁਰਾਣੀਆਂ ਯਾਦਾਂ ਤਾਜ਼ਾ ਕਰ ਦੇਵੇਗੀ।* ਯੋਨਾਥਾਨ ਦੀਆਂ ਯਾਦਾਂ 2 ਸਮੂਏਲ 1:19–27 ਦੇ ਸ਼ਬਦਾਂ ਵਿਚ ਰੋਸ਼ਨ ਹੋ ਉੱਠੀਆਂ:

> ਹੇ ਇਸਰਾਏਲ, ਤੇਰਾ ਸੁਹੱਪਣ ਤੇਰੇ ਉੱਚਿਆਂ ਥਾਵਾਂ ਉੱਤੇ ਮਾਰਿਆ ਗਿਆ। ਹਾਏ ਸੂਰਬੀਰ ਕਿੱਕਰ ਡਿੱਗ ਪਏ! ਗਥ ਵਿਚ ਪੱਥਰ ਨਾ ਦੱਸੋ, ਅਸ਼ਕਲੋਨ ਦੀਆਂ ਗਲੀਆਂ ਵਿਚ ਨਾ ਡੌਂਡੀ ਫੇਰੋ, ਅਜਿਹਾ ਨਾ ਹੋਵੇ ਜੋ ਫ਼ਲਿਸਤੀਆਂ ਦੀਆਂ ਧੀਆਂ ਅਨੰਦ ਹੋਣ, ਅਜਿਹਾ ਨਾ ਹੋਵੇ ਜੋ ਅਸੁੰਨਤੀਆਂ ਦੀਆਂ ਧੀਆਂ ਖੁਸ਼ੀ ਮਨਾਉਣ। ਹੇ ਗਿਲਬੋਆ ਦੇ ਪਹਾੜੋ, ਤੁਹਾਡੇ ਉੱਤੇ ਨਾ ਤ੍ਰੇਲ, ਨਾ ਮੀਂਹ ਪਵੇ, ਨਾ ਚੁੱਕਣ ਦੀਆਂ ਭੇਟਾਂ ਦੀਆਂ ਪੈਲੀਆਂ ਹੋਣ ਕਿਉਂ ਜੋ ਉੱਥੇ ਸੂਰਮਿਆਂ ਦੀ ਢਾਲ ਪਲੀਤ ਹੋ ਗਈ। ਹਾਂ, ਸ਼ਾਊਲ ਦੀ ਢਾਲ ਭਈ ਜਾਣੋ ਉਹ ਤੇਲ ਨਾਲ ਮਸਹ ਹੀ ਨਹੀਂ ਕੀਤੀ ਗਈ ਸੀ! ਵੱਢਿਆਂ ਹੋਇਆਂ ਦੇ ਲਹੂ ਤੋਂ ਅਤੇ ਸੂਰਮਿਆਂ ਦੀ ਚਰਬੀ ਤੋਂ, ਯੋਨਾਥਾਨ ਦੀ ਕਮਾਣ ਨਾ ਭੌਂ ਗਈ, ਨਾ ਸ਼ਾਊਲ ਦੀ ਤਲਵਾਰ ਸੱਖਣੀ ਮੁੜੀ। ਸ਼ਾਊਲ ਅਤੇ ਯੋਨਾਥਾਨ ਆਪਣਿਆਂ ਜੀਵਨਾਂ ਵਿਚ ਪਿਆਰੇ ਅਰ ਮਨ ਭਾਉਂਦੇ ਸਨ, ਅਤੇ ਉਹ ਆਪਣੇ ਮਰਨ ਵਿਚ ਵੀ ਵੱਖਰੇ ਨਾ ਹੋਏ। ਉਹ ਉਕਾਬਾਂ ਨਾਲੋਂ ਵੀ ਕਾਹਲੇ ਸਨ, ਅਤੇ ਬੱਬਰ ਸ਼ੇਰ ਨਾਲੋਂ ਤਕੜੇ ਸਨ। ਹੇ ਇਸਰਾਏਲ ਦੀਓ ਧੀਓ, ਸ਼ਾਊਲ ਲਈ ਰੋਵੋ, ਜਿਸ ਨੇ ਤੁਹਾਨੂੰ ਕਿਰਮਚੀ ਲੀੜੇ, ਹੋਰਨਾਂ ਰਸੀਲੀਆਂ ਵਸਤਾਂ ਨਾਲ ਪਹਿਨਾਏ ਜਿਸ ਨੇ ਤੁਹਾਡਿਆਂ ਕੱਪੜਿਆਂ ਨੂੰ ਸੋਨੇ ਦੇ ਗਹਿਣਿਆਂ ਨਾਲ ਸਜਾਇਆ। ਹਾਏ! ਓਹ ਸੂਰਮੇ ਕਿੱਕਰ ਲੜਾਈ ਦੇ ਵਿਚ ਡਿੱਗ ਪਏ! ਹੇ ਯੋਨਾਥਾਨ, ਤੂੰ ਆਪਣੇ ਉੱਚੇ

> ਥਾਵਾਂ ਵਿਚ ਮਾਰਿਆ ਗਿਆ! ਹੇ ਮੇਰੇ ਭਰਾ ਯੋਨਾਥਾਨ, ਮੈਂ ਤੇਰੇ ਕਾਰਨ ਵੱਡਾ ਦੁਖੀ ਹਾਂ! ਤੂੰ ਮੈਨੂੰ ਅੱਤ ਪਿਆਰਾ ਸੈਂ; ਮੇਰੀ ਵੱਲ ਤੇਰੀ ਅਚਰਜ ਪ੍ਰੀਤ ਸੀ, ਤੀਵੀਆਂ ਦੀ ਪ੍ਰੀਤ ਨਾਲੋਂ ਵੀ ਵਧੀਕ! ਹਾਏ! ਉਹ ਸੂਰਮੇ ਕਿੱਕਰ ਡਿੱਗ ਪਏ, ਅਤੇ ਜੁੱਧ ਦੇ ਸ਼ਸਤ੍ਰ ਨਸ਼ਟ ਹੋ ਗਏ!

ਦਾਊਦ ਲਈ ਯੋਨਾਥਾਨ ਦੀ ਦੋਸਤੀ ਦੀਆਂ ਯਾਦਾਂ ਸਦਾ ਆਨੰਦਦਾਇਕ ਸਨ (2 ਸਮੂਏਲ 1:26, 27)।

*ਵਫ਼ਾਦਾਰੀ ਆਉਣ ਵਾਲੀਆਂ ਪੀੜ੍ਹੀਆਂ ਲਈ ਫਲਦਾਇਕ ਹੁੰਦੀ ਹੈ।* 20:42 ਦੀਆਂ ਗੱਲਾਂ 2 ਸਮੂਏਲ 9:1–13 ਅਤੇ 2 ਸਮੂਏਲ 21:1–7 ਵਿਚ ਪੂਰੀਆਂ ਹੁੰਦੀਆਂ ਹਨ। ਯੋਨਾਥਾਨ ਦੀ ਵਫ਼ਾਦਾਰੀ ਨੇ ਬਰਕਤਾਂ ਦੀ ਇਕ ਵਿਰਾਸਤ ਛੱਡ ਦਿੱਤੀ ਸੀ। ਸ਼ਾਊਲ ਦੀ ਬਗਾਵਤ ਕਾਰਣ ਪੈਦਾ ਹੋਈ ਪਰਿਵਾਰ ਦੀ ਅਤੇ ਗੁਮਨਾਮੀ, ਯੋਨਾਥਾਨ ਦੀ ਵਫ਼ਾਦਾਰੀ ਕਾਰਣ ਉੱਚੀ ਜਗ੍ਹਾ ਤੇ ਉਠਾਈ ਗਈ।

## ਸਾਰ

ਯੋਨਾਥਾਨ ਵਿਚ ਕਈ ਮਸੀਹੀ ਗੁਣ ਸਨ। ਪਰ ਉਨ੍ਹਾਂ ਵਿੱਚੋਂ ਸਭ ਤੋਂ ਪ੍ਰਮੁੱਖ ਗੁਣ ਵਫ਼ਾਦਾਰੀ ਦਾ ਸੀ। ਉਹ ਪਹਾੜ ਤੇ ਹੋਏ ਖ਼ਤਰਨਾਕ ਯੁੱਧ ਵਿਚ ਮਾਰਿਆ ਗਿਆ ਸੀ, ਪਰ ਉਸ ਨੇ ਆਪਣੇ ਜੀਵਨ ਵਿਚ ਏਲੀ ਉੱਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ, ਜਿਸ ਨੂੰ ਕਦੇ ਫ਼ਲਿਸਤੀ ਹਰਾ ਨਾ ਸਕੇ। ਯੋਨਾਥਾਨ ਨੇ ਬੁਰੀਆਂ ਇੱਛਾਵਾਂ ਤੇ ਜਿੱਤ ਦਾ ਆਨੰਦ ਮਾਣਿਆ ਸੀ ਜਿਸ ਨਾਲ ਕਾਮਨਾ, ਕ੍ਰੋਧ, ਗੁੱਸਾ ਮਿਟਾ ਨਹੀਂ ਸਕਦੇ ਸਨ। ਉਸ ਦੀ ਸਰਵੋਤਮ ਜਿੱਤ ਨੂੰ ਇਕ ਹੀ ਸ਼ਬਦ ਵਫ਼ਾਦਰੀ ਵਿਚ ਸੰਖੇਪ ਕੀਤਾ ਜਾਂਦਾ ਹੈ।

ਕੀ ਖ਼ੁਦਾ ਪ੍ਰਤੀ ਤੁਹਾਡੀ ਵਫ਼ਾਦਾਰੀ ਤੁਹਾਡੇ ਵੱਸ ਵਿਚ ਹੈ? ਕੀ ਦੋਸਤਾਂ ਨਾਲ ਤੁਹਾਡੀ ਸਾਦਗੀ ਕੰਮ ਕਰ ਰਹੀ ਹੈ? ਕੀ ਤੁਸੀਂ ਪਰਿਵਾਰ ਨਾਲ ਵਫ਼ਾਦਾਰੀ ਨੂੰ *ਮਹੱਤਵ* ਦਿੰਦੇ ਹੋ?